# ਡਾਇਰੈਕਟਰ ਜਨਰਲ ਸਕੂਲ ਸਿੱਖਿਆ ਅਤੇ
# ਸਟੇਟ ਪ੍ਰੋਜੈਕਟ ਡਾਇਰੈਕਟਰ, ਐਸ.ਐਸ.ਏ, ਪੰਜਾਬ

ਪੰਜਾਬ ਸਕੂਲ ਸਿੱਖਿਆ ਬੋਰਡ, ਈ. ਬਲਾਕ, ਫੇਜ਼-8, ਪੰਜਵੀਂ ਮੰਜ਼ਿਲ, ਅਜੀਤਗੜ੍ਹ,
ਈ-ਮੇਲ: - aspdhr@gmail.com


ਵੱਲ

1. ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ।
2. ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿੱ), ਪੰਜਾਬ।
3. ਡਾਇਰੈਕਟਰ ਐਸ.ਸੀ.ਈ.ਆਰ.ਟੀ, ਪੰਜਾਬ।
4. ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ।
5. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ), ਪੰਜਾਬ।
6. ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿੱ), ਪੰਜਾਬ।
7. ਸਮੂਹ ਪ੍ਰਿੰਸੀਪਲ ਜ਼ਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ, ਪੰਜਾਬ।
8. ਸਮੂਹ ਸਕੂਲ ਮੁੱਖੀ।
9. ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਪੰਜਾਬ।

ਮੀਮੋ ਨੰ:- ਸਸਅ/2015/ਐਚ.ਆਰ/()/2015 13252
ਮਿਤੀ: ਅਜੀਤਗੜ੍ਹ 17/08/15

**ਵਿਸ਼ਾ: ਸਕੂਲਾਂ ਵਿੱਚ ਸੀ.ਸੀ.ਈ ਦੇ ਮੁਲਾਂਕਣ ਸਬੰਧੀ।**

1. ਉਪਰੋਕਤ ਵਿਸ਼ੇ ਸਬੰਧੀ ਲਿਖਿਆ ਜਾਂਦਾ ਹੈ ਕਿ ਸਿੱਖਿਆ ਦਾ ਅਧਿਕਾਰ ਕਾਨੂੰਨ 2009 ਲਾਗੂ ਹੋਣ ਕਾਰਨ ਪਹਿਲੀ ਤੋਂ ਅੱਠਵੀਂ ਕਲਾਸ ਦੇ ਵਿਦਿਆਰਥੀਆਂ ਦਾ ਮੁੱਲਅੰਕਣ ਕਰਨ ਲਈ Continuous Comprehensive Evaluation System ਲਾਗੂ ਕੀਤਾ ਗਿਆ ਹੈ। ਜਿਸ ਅਧੀਨ ਵਿਦਿਆਰਥੀਆਂ ਦਾ FA-1 (ਜੋ ਕਿ ਅਪ੍ਰੈਲ ਅਤੇ ਮਈ ਮਹੀਨੇ ਵਿੱਚ ਹੁੰਦਾ ਹੈ।), FA-2 (ਜੋ ਕਿ ਜੁਲਾਈ ਅਤੇ ਅਗਸਤ ਮਹੀਨੇ ਵਿੱਚ ਹੁੰਦਾ ਹੈ), SA-1 (ਜੋ ਕਿ ਸਤੰਬਰ ਮਹੀਨੇ ਵਿੱਚ ਹੁੰਦਾ ਹੈ), FA-3 (ਜੋ ਕਿ ਅਕਤੂਬਰ ਅਤੇ ਨਵੰਬਰ ਮਹੀਨੇ ਵਿੱਚ ਹੁੰਦਾ ਹੈ), FA-4 (ਜੋ ਕਿ ਜਨਵਰੀ ਅਤੇ ਫਰਵਰੀ ਮਹੀਨੇ ਵਿੱਚ ਹੁੰਦਾ ਹੈ), SA-2 (ਜੋ ਕਿ ਮਾਰਚ ਮਹੀਨੇ ਵਿੱਚ ਹੁੰਦਾ ਹੈ)ਲਿਆ ਜਾਂਦਾ ਹੈ। ਜਿਸ ਅਧੀਨ ਵਿਦਿਆਰਥੀਆਂ ਦਾ ਮੁੱਲਅੰਕਣ ਅਧਿਆਪਕ ਵੱਲੋਂ ਲਏ ਜਾਣ ਵਾਲੇ ਲਿਖਤੀ ਟੈਸਟ ਅਤੇ ਹੋਰ ਗਤੀਵਿਧੀਆਂ ਦੇ ਆਧਾਰ ਤੇ ਕੀਤਾ ਜਾਂਦਾ ਹੈ।

2. ਪਹਿਲੀ ਤੋਂ ਪੰਜਵੀਂ ਜਮਾਤ ਤੱਕ ਸਕੂਲਾਂ ਵਿੱਚ ਪੜਾਈ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਪ੍ਰਵੇਸ਼ ਪ੍ਰੋਜੈਕਟ ਚਲਾਇਆ ਜਾ ਰਿਹਾ ਹੈ ਅਤੇ ਇਸ ਅਧੀਨ ਕਲੱਸਟਰ ਪੱਧਰ ਤੇ ਕਲੱਸਟਰ ਪ੍ਰਵੇਸ਼ ਕੋਆਰਡੀਨੇਟਰ ਲਗਾਏ ਜਾਂਦੇ ਹਨ। ਕਲੱਸਟਰ ਪੱਧਰ ਤੇ ਕਲੱਸਟਰ ਪ੍ਰਵੇਸ਼ ਕੋਆਰਡੀਨੇਟਰ ਦਾ ਕੰਮ ਪਹਿਲੀ ਤੋਂ ਪੰਜਵੀਂ ਤੱਕ ਪੜ੍ਹ ਰਹੇ ਵਿਦਿਆਰਥੀਆਂ ਦੇ ਪੜਾਈ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਨਵੀਆਂ ਅਧਿਆਪਣ ਵਿਧੀਆਂ ਦੀ ਜਾਣਕਾਰੀ ਸਕੂਲਾਂ ਵਿੱਚ ਪੜਾ ਰਹੇ ਅਧਿਆਪਕਾਂ ਤੱਕ ਪਹੁੰਚਾਉਣਾ, ਵਿਦਿਆਰਥੀਆਂ ਦੇ ਪੜਾਈ ਦੇ ਪੱਧਰ ਦਾ ਮੁੱਲ ਅੰਕਣ ਕਰਨਾ ਹੈ। 3. ਸਕੂਲ ਪੱਧਰ ਤੇ ਲਾਗੂ ਕੀਤੇ ਜਾਣ ਵਾਲੇ Continuous Comprehensive Evaluation System ਦੀ ਮੋਨੀਟ੍ਰਿੰਗ ਹੇਠ ਲਿਖੇ ਅਨੁਸਾਰ ਕਰਵਾਈ ਜਾਵੇਗੀ:

- ਮੋਨੀਟ੍ਰਿੰਗ ਸਮੂਹ ਡਾਇਟਾਂ ਦੇ ਮੁੱਖੀਆਂ ਦੁਆਰਾ ਅਤੇ ਇਨਸਰਵਿਸ ਟ੍ਰੇਨਿੰਗ ਸੈਂਟਰਾਂ ਵਿੱਚ ਕੰਮ ਕਰ ਰਹੇ ਲੈਕਚਰਾਰ/ਫੈਕਲਟੀ ਰਾਹੀਂ ਕਰਵਾਈ ਜਾ ਸਕਦੀ ਹੈ।
- ਇਸ ਮੰਤਵ ਲਈ ਸਮੂਹ ਸਕੂਲਾਂ ਵੱਲੋਂ ਜੋ ਨਤੀਜ਼ਾ ਤਿਆਰ ਕੀਤਾ ਜ਼ਾਵੇਗਾ ਉਸ ਵਿੱਚੋਂ ਹਰ ਸਕੂਲ ਤੋਂ ਕਿਸੇ ਇੱਕ ਕਲਾਸ ਦੀਆਂ ਕਿਸੇ ਇੱਕ ਵਿਸ਼ੇ ਦੇ ਪਹਿਲੇ ਦੋ ਸਥਾਨ ਪ੍ਰਾਪਤ ਕਰਨ ਵਾਲੇ, ਹੇਠਲੇ ਦੋ ਸਥਾਨ ਪ੍ਰਾਪਤ ਕਰਨ ਵਾਲੇ ਅਤੇ ਵਿੱਚਲੇ ਕੋਈ ਦੋ ਵਿਦਿਆਰਥੀਆਂ ਦੀਆਂ ਉਤਰ ਪੱਤਰੀਆਂ, ਉਨ੍ਹਾਂ ਨੂੰ ਦਿੱਤੇ ਗਏ ਪ੍ਰਸ਼ਨ ਪੱਤਰ ਦੀ ਕਾਪੀ ਅਤੇ ਉਨ੍ਹਾਂ ਦੇ ਵਿਸ਼ੇ ਦੀਆਂ ਕਾਪੀਆਂ ਜਿਲ੍ਹਾ ਸਿੱਖਿਆ ਸਿਖਲਾਈ ਸੰਸਥਾ ਨੂੰ ਭੇਜੀਆਂ ਜਾਣਗੀਆਂ।
- ਜਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ ਵਿਖੇ ਕਲੱਸਟਰ ਪ੍ਰਵੇਸ਼ ਕੋਆਰਡੀਨੇਟਰਾਂ ਵੱਲੋਂ ਇਨ੍ਹਾਂ ਪ੍ਰਸ਼ਨ ਪੱਤਰਾਂ ਦਾ ਮੁੱਲਅੰਕਣ ਕੀਤਾ ਜਾਵੇਗਾ ਕਿ ਕੀ ਪ੍ਰਸ਼ਨ ਪੱਤਰ ਸਲੇਬਸ ਵਿੱਚੋਂ

ਸੀ, ਕੀ ਪ੍ਰਸ਼ਨ ਪੱਤਰ ਦੀ ਕੋਆਲਟੀ ਵਿਦਿਆਰਥੀਆਂ ਦੇ ਪੱਧਰ ਦੀ ਸੀ? ਇਸ ਤੋਂ ਇਲਾਵਾ ਉਤਰ ਪੱਤਰੀਆਂ ਦਾ ਮੁੱਲਅੰਕਣ ਕੀਤਾ ਜਾਵੇਗਾ ਕਿ ਕੀ ਉਤਰ ਪੱਤਰੀਆਂ ਦੀ ਜਾਂਚ ਸਹੀ ਢੰਗ ਨਾਲ ਕੀਤੀ ਗਈ ਹੈ।

- ਇਸ ਮੰਤਵ ਲਈ ਪ੍ਰਿੰਸੀਪਲ ਜਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ ਇਹ ਸੁਨਿਸ਼ਚਤ ਕਰਨਗੇ ਕਿ ਜਿਸ ਕਲੱਸਟਰ ਦਾ ਮੁੱਲਅੰਕਣ ਕੀਤਾ ਜਾ ਰਿਹਾ ਹੈ। ਕਲੱਸਟਰ ਪ੍ਰਵੇਸ਼ ਕੋਆਰਡੀਨੇਟਰ ਉਸ ਕਲੱਸਟਰ ਜਾਂ ਬਲਾਕ ਦਾ ਨਾ ਹੋਵੇ।
- ਛੇਵੀ ਤੋਂ ਅੱਠਵੀਂ ਤੱਕ ਦੀਆਂ ਜਮਾਤਾਂ ਦਾ ਮੁੱਲਅੰਕਣ ਪ੍ਰਿੰਸੀਪਲ ਜਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ ਵੱਲੋਂ ਉਨ੍ਹਾਂ ਅਧੀਨ ਕੰਮ ਕਰ ਰਹੇ ਲੈਕਚਰਾਰ/ਫੈਕਲਟੀ ਅਤੇ ਇਨਸਰਵਿਸ ਟ੍ਰੇਨਿੰਗ ਸੈਂਟਰਾਂ ਵਿੱਚ ਕੰਮ ਕਰ ਰਹੇ ਲੈਕਚਰਾਰਾਂ ਤੋਂ ਕਰਵਾਇਆ ਜਾ ਸਕਦਾ ਹੈ।
- ਪੇਪਰ ਸੈੱਟ ਕਰਨ ਲਈ ਲੋੜੀਂਦੀ ਗਾਈਡ ਲਾਈਨਸ ਅਤੇ ਬਲਿਊ ਪ੍ਰਿੰਟ ਇਸ ਦਫਤਰ ਦੀ ਸਾਇੰਸ ਮੈਥ ਸ਼ਾਖਾ ਵੱਲੋਂ ਦਫਤਰ ਐਸ.ਸੀ.ਈ.ਆਰ.ਟੀ/ਐਸ.ਆਈ.ਐਸ.ਈ ਦੀ ਮਦਦ ਨਾਲ ਸਮੂਹ ਜਿਲਿਆ ਨੂੰ ਭੇਜਿਆ ਜਾਵੇਗਾ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।

ਪਿੱਠ ਅੰਕਣ ਨੰ. ਉਕਤ ਮਿਤੀ: 17/08/15

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਉਨ੍ਹਾਂ ਦੀ ਸੂਚਨਾ ਅਤੇ ਜਾਣਕਾਰੀ ਹਿੱਤ ਭੇਜਿਆ ਜਾਂਦਾ ਹੈ:

1. ਸਹਾਇਕ ਸਟੇਟ ਪ੍ਰਜੈਕਟ ਡਾਇਰੈਕਟਰ (ਮੈਥ/ਸਾਇੰਸ ਸੈੱਲ), ਦਫਤਰ ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ।
2. ਸਹਾਇਕ ਸਟੇਟ ਪ੍ਰਜੈਕਟ ਡਾਇਰੈਕਟਰ (ਪ੍ਰਵੇਸ਼), ਦਫਤਰ ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।